THE GP PATIENT SURVEY

## ਸਰਵੇਖਣ ਦੇ ਬਾਰੇ:

| | |
|---|---|
| 001 | **ਇਹ ਸਰਵੇਖਣ ਕਿਉਂ ਕੀਤਾ ਜਾ ਰਿਹਾ ਹੈ?**<br><br>ਜੀ.ਪੀ. ਮਰੀਜ਼ ਸਰਵੇਖਣ ਮਰੀਜ਼ਾਂ ਨੂੰ ਜੀ.ਪੀ. ਪ੍ਰੈਕਟਿਸ ਦੇ ਉਨ੍ਹਾਂ ਦੇ ਤਜਰਬੇ ਉੱਪਰ ਟਿੱਪਣੀ ਦੇਣ ਦੇ ਅਵਸਰ ਦੇਣ ਲਈ ਬਣਾਇਆ ਗਿਆ ਹੈ। ਸਰਵੇਖਣ ਸਥਾਨਿਕ ਜੀ.ਪੀ. ਸਰਜਰੀ ਅਤੇ ਹੋਰ ਸਥਾਨਿਕ ਐਨ.ਐੱਚ.ਐਸ. ਸੇਵਾਵਾਂ ਦੇ ਤੁਹਾਡੇ ਤਜਰਬੇ ਬਾਰੇ ਪੁੱਛਦਾ ਹੈ, ਅਤੇ ਇਸ ਵਿਚ ਤੁਹਾਡੀ ਸਧਾਰਣ ਸਿਹਤ ਬਾਰੇ ਪ੍ਰਸ਼ਨ ਰਲਤੀ ਹਨ। ਸਰਵੇਖਣ ਮਰੀਜ਼ਾਂ ਨੂੰ ਅਨੇਕ ਮੁੱਦਿਆਂ ਬਾਰੇ ਪੁੱਛੇਗਾ, ਜਿਵੇਂ ਕਿ ਦੂਜੀਆਂ ਚੀਜ਼ਾਂ ਦੇ ਨਾਲ ਨਾਲ, ਆਪਣੀ ਸਰਜਰੀ 'ਤੇ ਮੁਲਾਕਾਤ ਦਾ ਸਮਾਂ ਲੈਣਾ ਮਰੀਜ਼ਾਂ ਲਈ ਕਿੰਨਾ ਔਖਾ ਜਾਂ ਸੌਖਾ ਹੈ, ਖੁੱਲ੍ਹਣ ਦੇ ਸਮਿਆਂ ਤੋਂ ਸੰਤੁਸ਼ਟੀ, ਆਪਣੇ ਜੀ.ਪੀ. ਵਲੋਂ ਪ੍ਰਾਪਤ ਦੇਖ-ਭਾਲ ਦਾ ਮਿਆਰ, ਅਤੇ ਪ੍ਰੈਕਟਿਸ ਨਰਸਾਂ।<br><br>ਸਰਵੇਖਣ ਦੇ ਉੱਤਰ ਮਰੀਜ਼ ਦੇ ਤਜਰਬੇ ਨੂੰ ਮਾਪਣਗੇ ਅਤੇ ਇਸ ਤਰ੍ਹਾਂ ਸਰਜਰੀਜ਼ ਨੂੰ ਇਹ ਸਮਝਣ ਵਿਚ ਮਦਦ ਦੇਣਗੇ ਕਿ ਬਿਹਤਰੀ ਦੀ ਲੋੜ ਕਿਥੇ ਹੈ। ਇਹ ਸਰਵੇਖਣ ਮਰੀਜ਼ਾਂ ਲਈ ਆਪਣੀ ਗੱਲ ਕਹਿਣ ਦਾ ਇਕ ਅਵਸਰ ਹੈ ਕਿ ਮਰੀਜ਼ ਨੂੰ ਇਹ ਸੇਵਾਵਾਂ ਦੇਣ ਲਈ ਉਨ੍ਹਾਂ ਦੀ ਪ੍ਰੈਕਟਿਸ ਕਿੰਨਾ ਚੰਗਾ ਕੰਮ ਕਰ ਰਹੀ ਹੈ। |
| 002 | **ਇਹ ਅਸਲ ਵਿਚ ਕਿਸ ਦੁਆਰਾ ਚਲਾਇਆ ਜਾ ਰਿਹਾ ਹੈ?**<br><br>ਇਹ ਸਰਵੇਖਣ ਐਨ ਐਚ ਐਸ ਨੂੰ ਰੋਗੀਆਂ ਦੀਆਂ ਜ਼ਰੂਰਤਾਂ ਪ੍ਰਤੀ ਵਧੇਰੇ ਉੱਤਰਦਾਈ ਬਣਾਉਣ ਲਈ ਡਿਪਾਰਟਮੈਂਟ ਆਫ਼ ਹੈਲਥ ਦੇ ਵਾਅਦੇ ਦਾ ਇਕ ਹਿੱਸਾ ਹੈ, ਅਤੇ ਇਹ ਲੋਕਾਂ ਦੇ ਸਥਾਨਕ ਐਨ ਐਚ ਐਸ ਸੇਵਾ ਕੇਂਦਰਾਂ ਨਾਲ ਉਹਨਾਂ ਦੇ ਤਜ਼ਰਬਿਆਂ ਦੀ ਸਹੀ ਤਸਵੀਰ ਪ੍ਰਦਾਨ ਕਰੇਗਾ। ਇਪਸੋਸ ਮੋਰੀ ਇਕ ਸਵੈਤੰਤਰ ਸਰਵੇਖਣ ਏਜੰਸੀ ਹੈ, ਜੋ ਇਸ ਸਰਵੇਖਣ ਦਾ ਪ੍ਰਬੰਧ ਡਿਪਾਰਟਮੈਂਟ ਆਫ਼ ਹੈਲਥ ਦੇ ਨੁਮਾਇੰਦੇ ਵਜੋਂ ਕਰ ਰਹੀ ਹੈ। |
| 003 | **ਮੈਨੂੰ ਇਹ ਪ੍ਰਸ਼ਨਾਵਲੀ ਕਿਉਂ ਭੇਜੀ ਗਈ ਸੀ?**<br><br>ਤੁਹਾਨੂੰ ਇਹ ਪ੍ਰਸ਼ਨਾਵਲੀ ਇਸ ਕਰਕੇ ਭੇਜੀ ਗਈ ਹੈ, ਕਿਉਂਕਿ ਤੁਹਾਨੂੰ ਇੰਗਲੈਂਡ ਵਿੱਚ ਜੀ ਪੀ ਕੋਲ ਰਜਿਸਟਰਡ ਬਾਲਗ ਮਰੀਜ਼ਾਂ ਵਿੱਚੋਂ ਬਿਨਾਂ ਤਰਤੀਬ ਦੇ ਉਘੜ ਦੁੱਘੜੇ ਢੰਗ ਨਾਲ ਚੁਣਿਆ ਗਿਆ ਸੀ। ਲਗਭਗ 1.36 ਮਿਲੀਅਨ ਬਾਲਗ ਮਰੀਜ਼ ਜਿਹੜੇ ਇੰਗਲੈਂਡ ਵਿਚ ਇਕ ਜੀ.ਪੀ. ਕੋਲ ਰਜਿਸਟਰ ਹਨ ਉਨ੍ਹਾਂ ਨੂੰ ਜੀ.ਪੀ. ਮਰੀਜ਼ ਸਰਵੇਖਣ ਦੀ ਇਸ ਲਹਿਰ ਲਈ ਚੁਣਿਆ ਗਿਆ ਹੈ। |
| 147 | **ਇਹ ਸਰਵੇਖਣ ਦੁਬਾਰਾ ਕਿਉਂ ਕੀਤਾ ਜਾ ਰਿਹਾ ਹੈ?**<br><br>ਜੀ.ਪੀ. ਮਰੀਜ਼ ਸਰਵੇਖਣ ਮਰੀਜ਼ਾਂ ਨੂੰ ਉਨ੍ਹਾਂ ਦੀ ਜੀ.ਪੀ. ਪ੍ਰੈਕਟਿਸ ਵੱਲੋਂ ਮੁਹੱਈਆ ਕੀਤੀ ਜਾਂਦੀ ਦੇਖ ਭਾਲ ਅਤੇ ਸੇਵਾਵਾਂ ਬਾਰੇ ਉਨ੍ਹਾਂ ਦੇ ਤਜਰਬਿਆਂ ਅਤੇ ਤਰਜੀਹਾਂ ਬਾਰੇ ਪਰਤੀ ਸੂਚਨਾ ਦੇਣ ਲਈ ਇਕ ਲਗਾਤਾਰ ਸਾਧਨ ਮੁਹੱਈਆ ਕਰਦਾ ਹੈ। ਭਾਵੇਂ ਤੁਸੀਂ ਪਿਛਲੇ ਸਾਲ ਇਕ ਪ੍ਰਸ਼ਨਾਵਲੀ ਪੂਰੀ ਕੀਤੀ ਸੀ ਇਹ ਤੁਹਾਡੇ ਹੋਰ ਅਜੋਕੇ ਤਜਰਬਿਆਂ ਬਾਰੇ ਸੁਣਨ ਲਈ ਮਹੱਤਵਪੂਰਣ ਹੈ, ਅਤੇ ਇਸ ਸਾਲ ਅਸੀਂ ਉਨ੍ਹਾਂ ਮੁੱਦਿਆਂ ਬਾਰੇ ਹੋਰ ਪ੍ਰਸ਼ਨ ਵੀ ਸ਼ਾਮਿਲ ਕੀਤੇ ਹਨ ਜੋ ਮਰੀਜ਼ਾਂ ਨਾਲ ਸੰਬੰਧਿਤ ਹਨ। |

| | |
|---|---|
| 004 | **ਕੀ ਮੇਰਾ ਇਸ ਵਿਚ ਭਾਗ ਲੈਣਾ ਜ਼ਰੂਰੀ ਹੈ?**<br><br>ਇਸ ਵਿਚ ਹਿੱਸਾ ਲੈਣਾ ਪੂਰੀ ਤਰ੍ਹਾਂ ਸਵੈ-ਇੱਛਿਤ ਹੈ, ਇਸ ਕਰਕੇ ਤੁਹਾਨੂੰ ਪ੍ਰਸ਼ਨਾਵਲੀ ਨੂੰ ਭਰਨ ਲਈ ਕੋਈ ਦਬਾਅ ਨਹੀਂ ਹੈ। ਪਰ ਲੋਕਾਂ ਦੇ ਉਹਨਾਂ ਦੇ ਜੀ ਪੀ ਸਰਜਰੀ ਜਾਂ ਸਿਹਤ ਕੇਂਦਰਾਂ ਨਾਲ ਹੋਏ ਤਜ਼ਰਬਿਆਂ ਦੀ ਸਹੀ ਤਸਵੀਰ ਦੇਣ ਦੇ ਨਤੀਜਿਆਂ ਕਰਕੇ ਸਾਨੂੰ ਹਰ ਪ੍ਰਕਾਰ ਦੇ ਲੋਕਾਂ ਤੋਂ ਕਈ ਪ੍ਰਕਾਰ ਦੇ ਵਿਚਾਰਾਂ ਦੀ ਜਰੂਰਤ ਹੈ, ਇਸ ਕਰਕੇ ਅਸੀਂ ਚਾਹਵਾਂਗੇ ਕਿ ਜਿੰਨੇ ਜ਼ਿਆਦਾ ਲੋਕ ਸੰਭਵ ਹੋ ਸਕਣ, ਇਸ ਪ੍ਰਸ਼ਨਾਵਲੀ ਨੂੰ ਭਰਨ।<br><br>ਇਹ ਸਰਵੇਖਣ ਰੋਗੀਆਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਕਿੰਨੀ ਕੁ ਚੰਗੀ ਤਰ੍ਹਾਂ ਨਾਲ ਦਿੱਤੀਆਂ ਜਾ ਰਹੀਆਂ ਹਨ ਦੇ ਬਾਰੇ ਵਿਚ ਕਹਿਣ ਦਾ ਇਕ ਮੌਕਾ ਹੈ। ਅਸੀਂ ਆਸ ਕਰਦੇ ਹਾਂ ਕਿ ਇਸ ਸਰਵੇਖਣ ਵਿਚ ਭਾਗ ਲੈਣ ਲਈ ਚੁਣੇ ਗਏ ਰੋਗੀ, ਮਹੱਤਵਪੂਰਨ ਮੁੱਦਿਆਂ ਉਪੱਰ ਆਪਣੀ ਰਾਇ ਦੀ ਪ੍ਰਤਿਪੁਸ਼ਟੀ ਦੇਣ ਲਈ ਇਸ ਮੌਕੇ ਦਾ ਇਸਤੇਮਾਲ ਕਰਨਗੇ। ਜਿੰਨੇ ਜ਼ਿਆਦਾ ਉੱਤਰ ਅਸੀਂ ਪ੍ਰਾਪਤ ਕਰਦੇ ਹਾਂ, ਅਸੀਂ ਉਨੀਂ ਹੀ ਜ਼ਿਆਦਾ ਵਧੀਆ ਤਸਵੀਰ ਪ੍ਰਾਪਤ ਕਰਾਂਗੇ ਕਿ ਸੇਵਾਵਾਂ ਕਿਸ ਤਰ੍ਹਾਂ ਚਲ ਰਹੀਆਂ ਹਨ। |
| 005 | **ਤੁਸੀਂ ਕਿੰਨੀਆਂ ਪ੍ਰਸ਼ਨਾਵਲੀਆਂ ਭੇਜ ਰਹੇ ਹੋ?**<br><br>ਇੰਗਲੈਂਡ ਵਿੱਚ ਇੱਕ ਜੀ ਪੀ ਨਾਲ ਰਜਿਸਟਰਡ ਲਗਭਗ 1.36 ਮਿਲੀਅਨ ਬਾਲਗ ਮਰੀਜ਼ਾਂ ਨੂੰ ਜੀ ਪੀ ਰੋਗੀਆਂ ਦੇ ਸਰਵੇਖਣ ਲਈ ਬਿਨਾਂ ਕਿਸੇ ਤਰਤੀਬ ਦੇ ਉਘੜ ਦੁੱਘੜੇ ਢੰਗ ਨਾਲ ਚੁਣਿਆ ਗਿਆ ਹੈ, ਤਾਂ ਜੋ ਹਰ ਸਾਲ ਕਰੀਬ 2.8 ਮਿਲੀਅਨ ਵੱਖ ਵੱਖ ਮਰੀਜ਼ਾਂ ਨੂੰ ਪ੍ਰਸ਼ਨਾਵਲੀ ਭੇਜੀ ਜਾ ਰਹੀ ਹੈ। |
| 007 | **ਤੁਸੀਂ ਕਈ ਪ੍ਰਕਾਰ ਦੇ ਮੁੱਦਿਆਂ ਬਾਰੇ ਪੁੱਛ ਰਹੇ ਹੋ, ਜਿਵੇਂ ਕਿ ਰੋਗੀਆਂ ਲਈ ਆਪਣੀ ਸਰਜਰੀ ਵਿਚ ਮੁਲਾਕਾਤ ਲਈ ਸਮਾਂ ਲੈਣਾ ਕਿੰਨਾ ਕੁ ਆਸਾਨ ਜਾਂ ਮੁਸ਼ਕਿਲ ਹੈ, ਹੋਰ ਕਈ ਚੀਜ਼ਾਂ ਦੇ ਨਾਲ ਉਸਦੇ ਖੁਲ੍ਹਣ ਦੇ ਸਮੇਂ ਨਾਲ ਸੰਤੁਸ਼ਟੀ, ਆਪਣੇ ਜੀ ਪੀ ਅਤੇ ਪ੍ਰੈਕਟਸ ਨਰਸਾਂ ਤੋਂ ਪ੍ਰਾਪਤ ਸੰਭਾਲ ਦੀ ਗੁਣਵੱਤਾ ਬਾਰੇ। ਮੈਂ ਤੁਹਾਨੂੰ ਆਪਣੀ ਜੀ ਪੀ ਦੀ ਸੇਵਾ ਦੇ ਹੋਰ ਪਹਿਲੂਆਂ ਬਾਰੇ ਕਿਵੇਂ ਦੱਸ ਜਾਂ ਸ਼ਿਕਾਇਤ ਕਰ ਸਕਦਾ ਹਾਂ?**<br><br>ਇਪਸੋਸ ਮੋਰੀ ਤੁਹਾਡੀ ਹੋਰ ਕਿਸੇ ਟਿੱਪਣੀ ਜਾਂ ਸ਼ਿਕਾਇਤ ਉੱਪਰ ਤੁਹਾਡੀ ਕੋਈ ਮਦਦ ਨਹੀਂ ਕਰ ਸਕਦਾ ਜੋ ਤੁਹਾਨੂੰ ਆਪਣੇ ਡਾਕਟਰ, ਨਰਸ ਜਾਂ ਜੀ ਪੀ ਪ੍ਰੈਕਟਸ ਨਾਲ ਹੋ ਸਕਦੀ ਹੈ। ਇਪਸੋਸ ਮੋਰੀ ਕੇਵਲ ਜੀ ਪੀ ਰੋਗੀ ਸਰਵੇਖਣ ਦਾ ਪ੍ਰਬੰਧ ਡਿਪਾਰਟਮੈਂਟ ਆਫ਼ ਹੈਲਥ ਦੇ ਨੁਮਾਇੰਦੇ ਵਜੋਂ ਕਰ ਰਿਹਾ ਹੈ।<br>ਜੇਕਰ ਤੁਸੀਂ ਆਪਣੇ ਡਾਕਟਰ ਜਾਂ ਡਾਕਟਰ ਦੀ ਸਰਜਰੀ ਦੁਆਰਾ ਪ੍ਰਦਾਨ ਕੀਤੀ ਗਈ ਸੇਵਾ ਜਾਂ ਸੰਭਾਲ ਦੇ ਬਾਰੇ ਵਿਚ ਟਿੱਪਣੀ ਜਾਂ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਪਹਿਲਾਂ ਤੁਹਾਨੂੰ ਪ੍ਰੈਕਟਸ ਨੂੰ ਸੰਪਰਕ ਕਰਨ ਦੀ ਜ਼ਰੂਰਤ ਹੋਵੇਗੀ। ਜੇਕਰ ਤੁਹਾਨੂੰ ਕੋਈ ਸ਼ਿਕਾਇਤ ਹੈ, ਹਰ ਇਕ ਪ੍ਰੈਕਟਸ ਵਿਚ ਪ੍ਰੈਕਟਸ ਦੀਆਂ ਸ਼ਿਕਾਇਤਾਂ ਦੇ ਅਮਲ ਦੇ ਲਈ ਅਮਲੇ ਦਾ ਇਕ ਮੈਂਬਰ ਜਿੰਮੇਵਾਰ ਹੈ ਅਤੇ ਉਹ ਤੁਹਾਡੇ ਨਾਲ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰੇਗਾ/ਗੀ।<br><br>ਤੁਸੀਂ ਸਥਾਨਕ ਰੋਗੀ ਸਲਾਹ ਕੇਂਦਰ ਅਤੇ ਲਾਈਜ਼ਨ ਸਰਵਿਸ (ਪੀਏਐੱਲਐੱਸ) ਦੇ ਨਾਲ ਵੀ ਗੱਲਬਾਤ ਕਰ ਸਕਦੇ ਹੋ ਜੋ ਕਿ ਹਰ ਇਕ ਐਨ ਐਚ ਐਸ  ਟਰੱਸਟ ਅਤੇ ਪ੍ਰਾਇਮਰੀ ਕੇਅਰ ਟਰੱਸਟ/ (ਪੀਸੀਟੀ) ਸੰਸਥਾ ਵਿਚ ਸਥਾਪਿਤ ਕੀਤੀ ਗਈ ਹੈ।<br>ਤੁਸੀਂ ਇਸ ਵੈਬਸਾਈਟ ਪਤੇ ਉੱਤੇ ਜਾ ਕੇ ਜਿੱਥੇ ਤੁਸੀਂ ਰਹਿੰਦੇ ਹੋ ਉਸ ਖੇਤਰ ਦੇ ਪ੍ਰਾਇਮਰੀ ਕੇਅਰ ਟਰੱਸਟ ਨੂੰ ਲੱਭ ਸਕਦੇ ਹੋ: http://www.nhs.uk/ServiceDirectories/Pages/PrimaryCareTrustListing.aspx ਜਾਂ ਆਪਣੀ ਜੀ ਪੀ ਸਰਜਰੀ ਜਾਂ ਸਿਹਤ ਕੇਂਦਰ ਨੂੰ ਸੰਪਰਕ ਕਰਕੇ। |

| | |
|---|---|
| 009 | **ਥੀ ਮੈਂ ਸਰਵੇਖਣ ਦੇ ਨਤੀਜੇ ਨੂੰ ਵੇਖ ਸਕਦਾ/ਸਕਦੀ ਹਾਂ?**<br><br>ਹਾਂ। ਸਰਵੇਖਣ ਦੇ ਨਤੀਜੇ ਛਾਪੇ ਗਏ ਹਨ ਅਤੇ ਇਹਨਾਂ ਨੂੰ www.gp-patient.co.uk ’ਤੇ ਦੇਖਿਆ ਜਾ ਸਕਦਾ ਹੈ। ਇਹ ਆਨ ਲਾਈਨ ਉਪਲਬਧ ਹਨ ਅਤੇ ਇਹ ਸਭ ਜੀ.ਪੀ. ਪ੍ਰੈਕਟਿਸਾਂ ਨੂੰ ਵੀ ਉਪਲਬਧ ਕਰਾਏ ਗਏ ਹਨ। ਕਿਰਪਾ ਕਰਕੇ ਨੋਟ ਕਰੋ ਕਿ ਪਿਛਲੇ ਸਾਲਾਂ ਦੇ ਸਰਵੇਖਣਾਂ ਦੇ ਨਤੀਜੇ www.gp-patient.co.uk ਰਾਹੀਂ ਜਾਂ www.dh.gov.uk ’ਤੇ ਵੇਖੇ ਜਾ ਸਕਦੇ ਹਨ।<br>ਜੀ.ਪੀ. ਮਰੀਜ਼ ਸਰਵੇਖਣ ਨਤੀਜਿਆਂ ਬਾਰੇ ਹੋਰ ਵਿਸਥਾਰਾਂ ਵਾਸਤੇ ਕਿਰਪਾ ਕਰਕੇ www.gp-patient.co.uk ਵੇਖੋ। |
| 145 | **ਸ਼ਕ ਸਰਵੇਖਣ ਦੇ ਸਿੱਟੇ ਜੀ.ਪੀ. ਦੀ ਕਮਾਈ ਨੂੰ ਪ੍ਰਭਾਵਿਤ ਕਰਦੇ ਹਨ?**<br><br>ਜੀ.ਪੀ. ਮਰੀਜ਼ ਸਰਵੇਖਣ 2011/12 ਵਿੱਚ ਪ੍ਰੈਕਟਿਸਿਜ਼ ਨੂੰ ਪੈਸੇ ਦੇਣ ਨਾਲ ਸਿੱਧਾ ਸੰਬੰਧਿਤ ਨਹੀਂ ਹੈ। |
| 171 | **ਜੀ.ਪੀ. ਮਰੀਜ਼ ਸਰਵੇਖਣ ਸਾਲ ਵਿਚ ਦੋ ਵਾਰੀ ਕਿਉਂ ਕਰ ਦਿੱਤਾ ਗਿਆ ਹੈ?**<br><br>ਅਤੀਤ ਵਿਚ, ਪ੍ਰੈਕਟਿਸਿਜ਼ ਨੂੰ ਵਿੱਤੀ ਸਹਾਇਤਾ ਉਨ੍ਹਾਂ ਵੱਲੋਂ ਵੰਡੇ ਗਏ ਸਰਵੇਖਣ ਦੇ ਸਿੱਟਿਆਂ ਲਈ ਦਿੱਤੀ ਜਾਂਦੀ ਸੀ। ਇਹਦਾ ਮਤਲਬ ਸੀ ਕਿ ਸਰਵੇਖਣਾਂ ਦੀ ਇਕ ਵੱਡੀ ਗਿਣਤੀ ਜਾਰੀ ਕੀਤੀ ਗਈ ਇਹ ਯਕੀਨੀ ਬਣਾਉਣ ਲਈ ਕਿ ਪ੍ਰਸ਼ਨਾਵਲੀਆਂ ਦੀ ਇਕ ਉਚੇਚੀ ਗਿਣਤੀ ਵਾਪਸ ਘੱਲੀ ਗਈ।<br><br>2011/12 ਵਿਚ ਸਰਵੇਖਣ ਹੁਣ ਪ੍ਰੈਕਟਿਸ ਦੇ ਕਮਾਈ ਨਾਲ ਜੁੜਿਆ ਨਹੀਂ ਹੈ ਜਿਸ ਦਾ ਮਤਲਬ ਹੈ ਕਿ ਸਰਵੇਖਣਾਂ ਦੀ ਇਕ ਛੋਟੀ ਗਿਣਤੀ ਜਾਰੀ ਕੀਤੀ ਜਾ ਸਕਦੀ ਹੈ। ਇਸ ਕਾਰਨ ਸਰਵੇਖਣ 6 ਮਹੀਨੇ ਦਾ ਸਰਵੇਖਣ ਬਣਾ ਦਿੱਤਾ ਗਿਆ ਹੈ। |

## ਪ੍ਰਸ਼ਨਾਵਲੀ ਨੂੰ ਪੂਰਾ ਕਰਨਾ:

| | |
|---|---|
| 027 | **ਕੀ ਮੈਨੂੰ ਸਾਰੇ ਪ੍ਰਸ਼ਨਾਂ ਦਾ ਉੱਤਰ ਦੇਣਾ ਪਵੇਗਾ?**<br><br>ਇਹਨਾਂ ਪ੍ਰਸ਼ਨਾ ਦਾ ਉੱਤਰ ਦੇਣਾ ਸਵੈ-ਇੱਛਿਤ ਹੈ, ਇਸ ਲਈ ਤੁਹਾਨੂੰ ਉੱਤਰ ਦੇਣ ਦੀ ਮਜ਼ਬੂਰੀ ਨਹੀਂ ਹੈ। ਪਰ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸਾਰਿਆਂ ਵਿਚ ਆਪਣੀ ਸ਼ਮੂਲੀਅਤ ਦੇਵੋਗੇ, ਕਿਉਂਕਿ ਇਹ ਹੀ ਸਾਨੂੰ ਲੋਕਾਂ ਦੇ ਤਜ਼ਰਬਿਆਂ ਦੀ ਸੰਭਾਵਿਤ ਵਧੀਆ ਤਸਵੀਰ ਪ੍ਰਦਾਨ ਕਰੇਗਾ। ਕੁਝ ਅਜਿਹੇ ਪ੍ਰਸ਼ਨ ਵੀ ਹਨ ਜੋ ਅਸੀਂ ਤੁਹਾਨੂੰ ਤੁਹਾਡੇ ਪੁਰਾਣੇ ਉੱਤਰਾਂ ਕਰਕੇ ਛੱਡ ਦੇਣ ਲਈ ਕਹਿ ਸਕਦੇ ਹਾਂ। ਉਦਾਹਰਣ ਵਜੋਂ, ਤੁਹਾਨੂੰ ਪ੍ਰਸ਼ਨ ਨੰਬਰ 9 ਦਾ ਉੱਤਰ ਦੇਣ ਦੀ ਤਾਂ ਹੀ ਜ਼ਰੂਰਤ ਹੈ ਜੇਕਰ ਤੁਸੀਂ ਪ੍ਰਸ਼ਨ ਨੰਬਰ 8 ਦਾ ਉੱਤਰ ਹਾਂ ਵਿਚ ਦਿੱਤਾ ਹੈ, ਪਰ ਪ੍ਰਸ਼ਨਾਵਲੀ ਵਿਚ ਦਿੱਤੀਆਂ ਹਿਦਾਇਤਾਂ ਨੂੰ ਕਿਰਪਾ ਕਰਕੇ ਧਿਆਨਪੂਰਵਕ ਪੜ੍ਹੋ। |
| 028 | **ਕੀ ਮੈਨੂੰ ਖਾਨੇ ਵਿਚ ਸਹੀ ਜਾਂ ਕਾਟੇ ਦਾ ਨਿਸ਼ਾਨ ਲਗਾਉਣਾ ਹੈ?**<br><br>ਤੁਸੀਂ ਉੱਤਰ ਲਈ ਦਿੱਤੇ ਖਾਨੇ ਵਿਚ ਸਹੀ ਜਾਂ ਗਲਤ ਵਿਚੋਂ ਕਿਸੇ ਇਕ ਦਾ ਨਿਸ਼ਾਨ ਲਗਾ ਸਕਦੇ ਹੋ ਜੋ ਵੀ ਤੁਹਾਡੀ ਆਪਣੀ ਰਾਇ ਜਾਂ ਤਜ਼ਰਬਿਆਂ ਦੇ ਵਧੇਰੇ ਨੇੜੇ ਹੁੰਦਾ ਹੈ। |
| | **ਜੇਕਰ ਮੈਨੂੰ ਇਸ ਪ੍ਰਸ਼ਨਾਵਲੀ ਨੂੰ ਕਾਗਜ਼ ਉੱਪਰ ਪੂਰਾ ਕਰਨ ਲਈ ਮੁਸ਼ਕਿਲਾਂ ਹਨ ਤਾਂ ਕੀ ਹੁੰਦਾ ਹੈ?**<br><br>ਇਪਸੋਸ ਮੋਰੀ ਉਨ੍ਹਾਂ ਰੋਗੀਆਂ, ਜਿੰਨ੍ਹਾਂ ਨੂੰ ਪ੍ਰਸ਼ਨਾਵਲੀ ਨੂੰ ਪੂਰਾ ਕਰਨ ਵਿਚ ਮੁਸ਼ਕਲਾਂ ਹੁੰਦੀਆਂ ਹਨ, ਲਈ ਮੁਫ਼ਤ ਟੈਲੀਫ਼ੋਨ ਨੰਬਰ ਉਪਲਬਧ ਕਰ ਰਿਹਾ ਹੈ। ਹਫ਼ਤੇ ਦੇ ਕੰਮ ਵਾਲੇ ਦਿਨਾਂ ਵਿਚ ਸਵੇਰੇ 9:00 ਵਜੇ ਤੋਂ ਲੈ ਕੇ ਰਾਤ ਦੇ 9:00 ਵਜੇ ਤੱਕ ਜਾਂ ਸ਼ਨੀਵਾਰ ਨੂੰ ਸਵੇਰੇ 10:00 ਵਜੇ ਤੋਂ ਲੈ ਕੇ ਸ਼ਾਮ ਦੇ 5:00 ਵਜੇ ਤੱਕ ਕਿਰਪਾ ਕਰਕੇ 0808 238 5385 ਉੱਤੇ ਕਾਲ ਕਰੋ।<br><br>ਜੋ ਰੋਗੀ ਕਾਗਜ਼ਾਂ ਉੱਪਰ ਪ੍ਰਸ਼ਨਾਵਲੀ ਨੂੰ ਪੂਰਾ ਨਹੀਂ ਕਰਨਾ ਚਾਹੁੰਦੇ ਉਹ ਪ੍ਰਸ਼ਨਾਵਲੀ ਨੂੰ www.gp-patient.co.uk 'ਤੇ ਫੇਰੀ ਪਾ ਕੇ ਆਨ ਲਾਈਨ ਤਰੀਕੇ ਨਾਲ ਪੂਰਾ ਕਰ ਸਕਦੇ ਹਨ। ਪਰ ਕਿਰਪਾ ਕਰਕੇ ਇਹ ਵੀ ਨੋਟ ਕਰੋ ਕਿ, ਪ੍ਰਤੀ ਰੋਗੀ ਕੇਵਲ ਇਕ ਹੀ ਉੱਤਰ ਸਵੀਕਾਰ ਕੀਤਾ ਜਾ ਸਕਦਾ ਹੈ। |
| 029 | **ਕੀ ਮੈਂ ਹੋਰ ਭਾਸ਼ਾਵਾਂ ਵਿਚ ਵੀ ਸਰਵੇਖਣ ਨੂੰ ਪੂਰਾ ਕਰ ਸਕਦਾ ਹਾਂ?**<br>ਹਾਂ, ਤੁਸੀਂ ਉਰਦੂ, ਪੰਜਾਬੀ, ਪੋਲਿਸ਼, ਬੰਗਾਲੀ, ਅਰਬੀ, ਫ੍ਰੈਂਚ, ਗੁਜਰਾਤੀ, ਤੁਰਕੀ, ਸੋਮਾਲੀ, ਪੁਰਤਗਾਲੀ, ਮੰਡੇਰਿਅਨ, ਚੈਕ ਅਤੇ ਸਲੋਵਾਕ ਵਿਚੋਂ "Other Languages" ਲਿੰਕ ਤੇ ਜਾ ਕੇ ਜਾਂ ਹੇਠਾਂ ਦਿੱਤੇ ਮੁਫ਼ਤ ਟੈਲੀਫ਼ੋਨ ਨੰਬਰਾਂ ਉੱਤੇ ਫ਼ੋਨ ਕਰਕੇ ਇਸ ਨੂੰ ਪੂਰਾ ਕਰ ਸਕਦੇ ਹੋ:<br><br>ਉਰਦੂ - 0808 238 5379<br>ਪੰਜਾਬੀ - 0808 238 5380<br>ਪੋਲਿਸ਼ - 0808 238 5381<br>ਬੰਗਾਲੀ - 0808 238 5382<br>ਅਰਬੀ - 0808 238 5383<br>ਫ੍ਰੈਂਚ - 0808 238 5384<br>ਗੁਜਰਾਤੀ - 0808 238 5386<br>ਤੁਰਕੀ - 0808 238 5387<br>ਸੋਮਾਲੀ - 0808 238 5388<br>ਪੁਰਤਗਾਲੀ - 0808 238 5389<br>ਮੰਡੇਰਿਅਨ - 0808 238 5475<br>ਚੈਕ - 0808 238 5477<br>ਸਲੋਵਾਕ - 0808 238 5476<br><br>ਕਿਰਪਾ ਕਰਕੇ ਨੋਟ ਕਰੋ ਕਿ ਪ੍ਰਤੀ ਰੋਗੀ ਕੇਵਲ ਇਕ ਹੀ ਉੱਤਰ ਸਵੀਕਾਰ ਕੀਤਾ ਜਾ ਸਕਦਾ ਹੈ। |

| | |
|---|---|
| 158 | **ਪ੍ਰਸ਼ਨਾਵਲੀ ਦੇ ਪਹਿਲੇ ਪੰਨੇ ਉੱਤੇ BSL ਦਾ ਨਿਸ਼ਾਨ ਕੀ ਹੈ?**<br><br>ਪ੍ਰਸ਼ਨਾਵਲੀ ਦੇ ਪਹਿਲੇ **ਪੰਨੇ** ਉੱਤੇ BSL ਨਿਸ਼ਾਨ ਬ੍ਰਿਟਿਸ਼ ਸਾਈਨ ਲੈਂਗੁਏਜ ਦਾ ਲੋਗੋ ਹੈ।<br>ਬ੍ਰਿਟਿਸ਼ ਸਾਈਨ ਲੈਂਗੁਏਜ਼ (BSL) ਬ੍ਰਿਟੇਨ ਵਿਚ ਸਾਈਨ ਲੈਂਗੁਏਜਾਂ **ਦਾ** ਬਹੁਤ ਹੀ ਆਮ **ਸਵਰੂਪ** ਹੈ। ਭਾਸ਼ਾ ਦੇ ਤੌਰ ਤੇ BSL ਦਾ ਆਪਣਾ ਵਿਆਕਰਣ ਢਾਂਚਾ ਅਤੇ ਸਿਨਟੈਕਸ ਹੈ, ਅਤੇ ਇਹ ਬੋਲੀ ਜਾਣ ਵਾਲੀ ਅੰਗਰੇਜ਼ੀ ਉੱਤੇ ਨਿਰਭਰ ਨਹੀਂ ਹੈ ਜਾਂ ਉਸਦੇ ਬਹੁਤੇ ਨੇੜੇ ਨਹੀਂ ਹੈ।<br>ਜੀ ਪੀ ਰੋਗੀ ਸਰਵੇਖਣ ਦੇ ਬਾਰੇ ਵਿਚ ਹੋਰ ਜਾਣਕਾਰੀ ਅਤੇ ਸਰਵੇਖਣ ਦੇ ਆਨ ਲਾਈਨ ਵਰਸ਼ਨ ਬ੍ਰਿਟਿਸ਼ ਸਾਈਨ ਲੈਂਗੁਏਜ਼ ਦੇ BSL ਯੂਜਰ ਲਿੰਕ ਉੱਤੇ ਉਪਲੱਬਧ ਹੈ |
| 031 | **ਮੈਂ ਇਕ ਗਲਤੀ ਕਰ ਚੁੱਕਾ ਹਾਂ? ਹੁਣ ਮੈਂ ਕੀ ਕਰਾਂ?**<br><br>ਭਾਂਵੇ. ਤੁਸੀਂ ਗਲਤੀ ਵੀ ਕਰ ਦਿੱਤੀ ਹੈ ਅਸੀਂ ਤਾਂ ਵੀ ਇਹ ਹੀ ਚਾਹਵਾਂਗੇ ਕਿ ਤੁਸੀਂ ਆਪਣੀ ਪੂਰੀ ਭਰੀ ਹੋਈ ਪ੍ਰਸ਼ਨਾਵਲੀ ਸਾਨੂੰ ਭੇਜੋ। ਕਿਰਪਾ ਕਰਕੇ ਗਲਤ ਉੱਤਰ ਵਾਲੇ ਖਾਨੇ ਨੂੰ ਪੂਰੀ ਤਰ੍ਹਾਂ ਭਰ ਦਿਓ ਅਤੇ ਫਿਰ ਸਹੀ ਉੱਤਰ ਨੂੰ ਸਹੀ ਨਿਸ਼ਾਨ ਲਗਾ ਦਿਓ। |
| 033 | **ਮੇਰੀ ਪ੍ਰਸ਼ਨਾਵਲੀ ਗੁੰਮ ਗਈ ਹੈ, ਕੀ ਤੁਸੀਂ ਮੈਨੂੰ ਇਸ ਦੀ ਦੂਜੀ ਕਾਪੀ ਭੇਜ ਸਕਦੇ ਹੋ?**<br><br>ਅਸੀਂ ਉਹਨਾਂ ਲੋਕਾਂ ਕੋਲ ਜਿਹਨਾਂ ਨੇ ਆਪਣੀ ਪ੍ਰਸ਼ਨਾਵਲੀਆਂ ਵਾਪਸ ਨਹੀਂ ਭੇਜੀਆਂ ਹਨ ਨੂੰ ਪ੍ਰਸ਼ਨਾਵਲੀ ਯਾਦ ਪੱਤਰ ਭੇਜਾਂਗੇ, ਇਸ ਪ੍ਰਕਾਰ ਇਹ ਆਉਣ ਵਾਲੇ ਕੁਝ ਹਫ਼ਤਿਆਂ ਵਿਚ ਤੁਹਾਡੇ ਕੋਲ ਹੋਵੇਗੀ। |
| 034 | **ਕੀ ਮੈਂ ਪ੍ਰਸ਼ਨਾਵਲੀ ਨੂੰ ਭਰਨ ਲਈ ਆਪਣੇ ਜੀਵਨ ਸਾਥੀ/ਦੋਸਤ/ਜਾਂ ਕਿਸੇ ਹੋਰ ਵਿਅਕਤੀ ਨੂੰ ਦੇ ਸਕਦਾ ਹਾਂ?**<br><br>ਨਹੀਂ, ਪ੍ਰਸ਼ਨਾਵਲੀ ਉਸ ਵਿਅਕਤੀ ਦੇ ਤਜ਼ਰਬਿਆਂ ਬਾਰੇ ਪੁੱਛਦੀ ਹੈ ਜਿਸਦਾ ਨਾਮ ਪੱਤਰ ਉੱਪਰ ਲਿਖਿਆ ਹੋਇਆ ਹੈ, ਇਸ ਕਰਕੇ ਹਾਲਾਂਕਿ ਤੁਸੀਂ ਇਸ ਪ੍ਰਸਨਾਵਲੀ ਨੂੰ ਭਰਨ ਵਿਚ ਮਦਦ ਲਈ ਕਹਿ ਸਕਦੇ ਹੋ, ਤੁਹਾਨੂੰ ਇਸਨੂੰ ਆਪਣੇ ਤਜ਼ਰਬਿਆਂ ਬਾਰੇ ਹੀ ਭਰਨਾ ਚਾਹੀਦਾ ਹੈ। |
| 035 | **ਕੀ ਮੈਂ ਹੋਰ ਲੋਕਾਂ ਲਈ ਜੋ ਅਪਾਇਟਮੈਂਟਾਂ ਕਰਦਾ/ਕਰਦੀ ਹਾਂ, ਬਾਰੇ ਉੱਤਰ ਦੇ ਸਕਦਾ/ਸਕਦੀ ਹਾਂ?**<br><br>ਨਹੀਂ, ਸਾਰੇ ਪ੍ਰਸ਼ਨ ਜਿਹੜੇ ਕੀ ਪ੍ਰਸ਼ਨਾਵਲੀ ਵਿਚ ਦਿਤੇ ਹਨ ਉਹ ਤੁਹਾਡੀ ਆਪਣੀਆਂ ਅਪਾਇੰਟਮੈਂਟਾਂ ਦੇ ਉਨ੍ਹਾਂ ਤਜਰਬਿਆਂ ਬਾਰੇ ਹਨ ਜਿਹੜੇ ਕੀ ਤੁਸੀਂ ਆਪੇ ਆਪਣੇ ਜੀ.ਪੀ. ਸਰਜਰੀ ਵਿਚ ਜਾਂਦੇ ਜਾਂ ਗੱਲ ਕਰਦੇ ਸਮੇਂ ਕੀਤੇ ਹਨ। ਕਿਰਪਾ ਕਰਕੇ ਪ੍ਰਸ਼ਨਾਵਲੀ ਵਿਚ ਆਪਣੇ ਤਜਰਬੇ ਬਾਰੇ ਦਸੋ ਨਾਂ ਕੀ ਤੁਹਾਡੇ ਆਪਣੇ ਬਚਿਆਂ ਜਾਂ ਕਿਸੇ ਹੋਰ ਵਿਅਕਤੀ ਨੇ ਕੀਤੇ ਹੋਣ। |
| 041 | **ਕੀ ਮੈਂ ਇਸ ਪ੍ਰਸ਼ਨਾਵਲੀ ਨੂੰ ਭਰਨ ਵਿਚ ਕਿਸੇ ਹੋਰ ਦੀ ਮਦਦ ਕਰ ਸਕਦਾ ਹਾਂ ?**<br><br>ਹਾਂ, ਇਹ ਬਹੁਤ ਵਧੀਆ ਹੈ। ਜੇਕਰ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਇਸ ਪ੍ਰਸ਼ਨਾਵਲੀ ਨੂੰ ਭਰਨ ਵਿਚ ਤੁਹਾਡੀ ਮਦਦ ਦੀ ਜ਼ਰੂਰਤ ਹੈ ਤਾਂ, ਤੁਸੀਂ ਉਸ ਦੋਸਤ ਜਾਂ ਰਿਸ਼ਤੇਦਾਰ ਨੂੰ ਮਦਦ ਲਈ ਪੁੱਛ ਸਕਦੇ ਹੋ। ਪਰ ਉੱਤਰ ਕੇਵਲ ਤਜ਼ਰਬਿਆਂ ਬਾਰੇ ਹੀ ਹੋਣੇ ਚਾਹੀਦੇ ਹਨ। |
| 042 | **ਕੀ ਮੈਂ ਕਿਸੇ ਨੂੰ ਇਸ ਪ੍ਰਸ਼ਨਾਵਲੀ ਨੂੰ ਭਰਨ ਲਈ ਮੱਦਦ ਕਰਨ ਲਈ ਪੁੱਛ ਸਕਦਾ ਹਾਂ?**<br><br>ਹਾਂ, ਇਹ ਬਹੁਤ ਵਧੀਆ ਹੈ, ਜੇਕਰ ਤੁਹਾਨੂੰ ਇਸ ਪ੍ਰਸ਼ਨਾਵਲੀ ਨੂੰ ਭਰਨ ਲਈ ਕਿਸੇ ਮਦਦ ਦੀ ਜ਼ਰੂਰਤ ਹੈ ਤਾਂ, ਤੁਸੀਂ ਆਪਣੇ ਦੋਸਤ ਜਾਂ ਰਿਸ਼ਤੇਦਾਰ ਨੂੰ ਮਦਦ ਦੇ ਲਈ ਕਹਿ ਸਕਦੇ ਹੋ। ਪਰ ਉੱਤਰ ਕੇਵਲ ਤੁਹਾਡੇ ਤਜ਼ਰਬਿਆਂ ਦੇ ਬਾਰੇ ਹੀ ਹੋਣੇ ਚਾਹੀਦੇ ਹਨ। |
| 037 | **ਕੀ ਮੈਨੂੰ ਪੱਤਰ ਨੂੰ ਵਾਪਸ ਭੇਜਣ ਦੀ ਜਰੂਰਤ ਹੈ?**<br><br>ਨਹੀ, ਤੁਹਾਨੂੰ ਕੇਵਲ ਭਰੀ ਹੋਈ ਪ੍ਰਸ਼ਨਾਵਲੀ ਨੂੰ ਹੀ ਪ੍ਰਦਾਨ ਕੀਤੇ ਹੋਏ ਪਹਿਲਾਂ ਤੋਂ ਭਰੇ ਡਾਕ ਖਰਚ ਵਾਲੇ ਲਿਫਾਫੇ ਵਿਚ ਪਾ ਕੇ ਵਾਪਸ ਭੇਜਣ ਦੀ ਜਰੂਰਤ ਹੈ। |

| | |
|---|---|
| 038 | **ਮੈਂ ਆਪਣੀ ਪ੍ਰੈਕਟਸ ਨੂੰ ਪਿਛਲੇ ਹਫ਼ਤੇ/ਪਿਛਲੇ ਮਹੀਨੇ/ਹਾਲ ਹੀ ਵਿਚ ਬਦਲਿਆ ਸੀ, ਫਿਰ ਕੀ ਅਜੇ ਵੀ ਮੈਨੂੰ ਇਸ ਪ੍ਰਸ਼ਨਾਵਲੀ ਨੂੰ ਭਰਨਾ ਚਾਹੀਦਾ ਹੈ?**<br><br>ਇਹ ਸਰਵੇਖਣ ਉਹਨਾਂ ਲੋਕਾਂ ਨੂੰ ਭੇਜਿਆ ਜਾ ਰਿਹਾ ਹੈ ਜੋ ਜੀ ਪੀ ਸਰਜਰੀ ਕੋਲ ਪਿਛਲੇ 6 ਮਹੀਨਿਆਂ ਤੋਂ ਰਜਿਸਟਰਡ ਹੋਏ ਹਨ। ਕਿਰਪਾ ਕਰਕੇ ਪ੍ਰਸ਼ਨ ਵਿਚ ਕੇਵਲ ਉਸ ਸਰਜਰੀ ਬਾਰੇ ਹੀ ਉੱਤਰ ਦਿਓ ਜਿਸ ਵਿਚ ਤੁਸੀਂ ਇਸ ਸਮੇਂ ਦੇ ਦੌਰਾਨ (ਜਾਂ ਇਸ ਸਮੇਂ ਦੇ ਨੇੜੇ-ਤੇੜੇ) ਰਜਿਸਟਰ ਹੋਏ ਹੋ। |
| 039 | **ਮੈਂ ਪਿਛਲੇ ਸਾਲ ਵਿਚ ਆਪਣੇ ਜੀ ਪੀ ਦਾ ਕੋਈ ਦੌਰਾ ਨਹੀਂ ਕੀਤਾ ਪਰ ਫਿਰ ਵੀ ਮੈਨੂੰ ਪ੍ਰਸ਼ਨਾਵਲੀ ਭੇਜ ਦਿੱਤੀ ਗਈ ਹੈ। ਕੀ ਮੈਨੂੰ ਇਸ ਨੂੰ ਪੂਰਾ ਕਰਨਾ ਚਾਹੀਦਾ ਹੈ?**<br><br>ਹਾਂ ਜੇਕਰ ਤੁਸੀਂ ਇਕ ਜੀ ਪੀ ਕੋਲ ਰਜਿਸਟਰਡ ਹੋ- ਇਕੇ ਤੱਕ ਕਿ ਜੇਕਰ ਤੁਸੀਂ ਹਾਲ ਹੀ ਵਿਚ ਜੀ ਪੀ ਦਾ ਦੌਰਾ ਨਹੀਂ ਕੀਤਾ ਫਿਰ ਵੀ ਤੁਹਾਡੇ ਉੱਤਰ ਸਾਡੇ ਲਈ ਕੀਮਤੀ ਹਨ। |
| 120 | **ਮੈਂ ਆਪਣੇ ਜੀ ਪੀ (ਡਾਕਟਰ) ਨੂੰ ਨਹੀਂ ਦੇਖਦਾ, ਕੇਵਲ ਨਰਸ ਹੀ ਪ੍ਰੈਕਟਸ ਵਿਚ ਹੁੰਦੀ ਹੈ। ਕੀ ਫਿਰ ਵੀ ਮੈਂ ਸਰਵੇਖਣ ਭਰ ਸਕਦਾ ਹੈ?**<br><br>ਇਸ ਸਰਵੇਖਣ ਵਿਚ ਡਾਕਟਰ ਜਾਂ ਨਰਸ ਨਾਲ ਮੁਲਾਕਾਤ ਜਾਂ ਗੱਲ-ਬਾਤ ਕਰਨ ਬਾਰੇ ਸਵਾਲ ਹਨ। ਇਸ ਲਈ ਕਿਰਪਾ ਕਰਕੇ ਕੇਵਲ ਉਹਨਾਂ ਹੀ ਪ੍ਰਸ਼ਨਾਂ ਦਾ ਉੱਤਰ ਦਿਓ ਜਿਹਨਾਂ ਦਾ ਤੁਹਾਨੂੰ ਡਾਕਟਰ ਜਾਂ ਨਰਸ ਨਾਲ ਮੁਲਾਕਾਤ ਕਰਨ ਜਾਂ ਗੱਲ-ਬਾਤ ਕਰਨ ਦਾ ਤਜ਼ਰਬਾ ਹੈ। |
| 043 | **ਮੈਨੂੰ ਇਸ ਨੂੰ ਵਾਪਸ ਭੇਜਣ ਦੀ ਜ਼ਰੂਰਤ ਕਦੋਂ ਤੱਕ ਹੈ?**<br><br>ਕਿਰਪਾ ਕਰਕੇ ਆਪਣੀ ਪੂਰੀ ਕੀਤੀ ਪ੍ਰਸ਼ਨਾਵਲੀ ਨੂੰ ਜਿੰਨੀ ਜਲਦੀ ਸੰਭਵ ਹੋਵੇ ਭੇਜ ਦੀਓ ਪਰ ਹਰ ਹਾਲਤ ਵਿੱਚ ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਇਹ 30 ਨ਼ਗਫੀ 2012 ਤੋਂ ਪਹਿਲਾਂ ਡਾਕ ਵਿਚ ਪਾ ਦਿੱਤੀ ਗਈ ਹੈ। ਉਹ ਜਿਨ੍ਹਾਂ ਨੇ ਉੱਤਰ ਨਹੀਂ ਦਿੱਤਾ, ਇਪਸੋਸ ਮੋਰੀ ਉਨ੍ਹਾਂ ਨੂੰ ਕਿਲਗਰ਼ਗਖ ਅਤੇ ਨ਼ਗਫੀ 2012 ਦੇ ਸ਼ੁਰੂ ਵਿਚ ਤਾਕੀਦੀ ਪ੍ਰਸ਼ਨਾਵਲੀਆਂ ਘੱਲੇਗੀ। |
| 045 | **ਮੈਂ ਆਪਣੇ ਪੱਤਰ ਨਾਲ ਲਿਫਾਫਾ/ਪ੍ਰਸ਼ਨਾਵਲੀ ਨੂੰ ਪ੍ਰਾਪਤ ਨਹੀਂ ਕੀਤਾ?**<br><br>ਅਸੀਂ ਮੁਆਫੀ ਚਾਹੁੰਦੇ ਹਾਂ ਜੇਕਰ ਅਜਿਹਾ ਹੋਇਆ ਹੈ। ਅਸੀਂ ਇਕ ਪ੍ਰਸ਼ਨਾਵਲੀ ਦੀ ਕਾਪੀ ਦੇ ਨਾਲ ਜਲਦੀ ਹੀ ਇਕ ਯਾਦ ਪੱਤਰ ਭੇਜਾਂਗੇ, ਇਸ ਲਈ ਕਿਰਪਾ ਕਰਕੇ ਸਰਵੇਖਣ ਨੂੰ ਪੂਰਾ ਕਰ ਦੇਣਾ ਜਦੋਂ ਤੁਹਾਡੇ ਕੋਲ ਇਹ ਪਹੁੰਚ ਜਾਵੇਗਾ। ਜਾਂ, ਜੇਕਰ ਤੁਹਾਡੇ ਕੋਲ ਪ੍ਰਸ਼ਨਾਵਲੀ ਹੈ ਅਤੇ ਇਸ ਨੂੰ ਸਾਡੇ ਕੋਲ ਇਸ ਤੋਂ ਪਹਿਲਾਂ ਭੇਜਣਾ ਚਾਹੁੰਦੇ ਹੋ ਤਾਂ, ਕਿਰਪਾ ਕਰਕੇ ਪ੍ਰਸ਼ਨਾਵਲੀ ਨੂੰ "FREEPOST GP PATIENT SURVEY" ਮਾਰਕ ਕੀਤੇ ਹੋਏ ਲਿਫਾਫੇ ਵਿਚ ਪਾ ਦਿਓ। ਡਾਕ ਟਿਕਟ ਦੀ ਜਰੂਰਤ ਨਹੀਂ ਹੈ। |
| 182 | **ਮੈਂ ਪ੍ਰਸ਼ਨ 34 ਦਾ ਉੱਤਰ ਕਿਵੇਂ ਦੇਵਾਂ?**<br><br>ਇਹ ਪ੍ਰਸ਼ਨ ਤੁਹਾਡੀ ਆਪਣੀ ਸਿਹਤ ਦੀ ਵਿਆਖਿਆ ਲਈ ਪੂਰਾ ਕੀਤਾ ਜਾਣਾ ਚਾਹੀਦਾ ਹੈ ਕਿਉਂਜੋ ਇਹ ਉਸ ਦਿਨ ਦਾ ਹੈ ਜਦੋਂ ਤੁਸੀਂ ਜੀ.ਪੀ. ਮਰੀਜ਼ ਸਰਵੇਖਣ ਦੀ ਪ੍ਰਸ਼ਨਾਵਲੀ ਪੂਰੀ ਕੀਤੀ ਸੀ। ਕਿਰਪਾ ਕਰਕੇ ਹਰ ਸਿਰਲੇਖ ਦੇ ਹੇਠ ਤਿੰਨ ਕਥਨਾਂ ਵਿੱਚੋਂ ਇੱਕ ਚੁਣੋ (ਤੁਰਨਾ-ਫਿਰਨਾ, ਆਪਣੀ ਆਪ ਦੇਖ-ਭਾਲ, ਸਧਾਰਨ ਕਾਰਜ, ਪੀੜ/ਬੇਅਰਾਮੀ, ਅਤੇ ਚਿੰਤਾ/ ਮਾਨਸਿਕ ਦਬਾ) ਜੋ ਤੁਹਾਡੀ ਅੱਜ ਦੀ ਸਿਹਤ ਦੀ ਸਭ ਤੋਂ ਵਧੀਆ ਵਿਆਖਿਆ ਕਰਦਾ ਹੈ। |
| 183 | **ਤੁਸੀਂ ਮੇਰੀ ਮੈਡੀਕਲ ਸਥਿਤੀ ਬਾਰੇ ਕਿਉਂ ਪੁੱਛ ਰਹੇ ਹੋ (ਪ੍ਰਸ਼ਨ 31)?**<br><br>ਇਹ ਜਾਣਕਾਰੀ ਸਰਕਾਰ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਸਮਝ ਸਕੇ ਕਿ ਜੀਵਨ ਦਾ ਸਿਹਤ ਸੰਬੰਧੀ ਮਿਆਰ ਲੰਮੇ ਸਮੇਂ ਦੀਆਂ ਸਥਿਤੀਆਂ ਵਾਲੇ ਲੋਕਾਂ ਲਈ ਸਮੇਂ ਦੇ ਨਾਲ ਨਾਲ ਬਿਹਤਰ ਹੋ ਰਿਹਾ ਹੈ। |

| | |
|---|---|
| 184 | **EuroQol ਸਮੂਹ ਕੌਣ ਜਾਂ ਕੀ ਹੈ? ਉਹ ਸਰਵੇਖਣ ਵਿੱਚ ਕਿਉਂ ਸ਼ਾਮਿਲ ਹਨ?**<br><br>EuroQol ਸਮੂਹ ਅੰਤਰਰਾਸ਼ਟਰੀ, ਖੋਜਕਾਰਾਂ ਦੇ ਇਕ ਤਾਣੇ-ਬਾਣੇ ਨਾਲ ਬਣਿਆ ਹੈ। ਇਹ ਸਮੂਹ EQ-5D ਪ੍ਰਸ਼ਨ (ਪ੍ਰਸ਼ਨ 34) ਬਣਾਉਂਦਾ ਹੈ ਜੋ ਲੋਕਾਂ ਦੀ ਸਿਹਤ ਨੂੰ ਮਾਪਣ ਲਈ ਜੀ.ਪੀ. ਮਰੀਜ਼ ਸਰਵੇਖਣ ਵਿੱਚ ਵਰਤਿਆ ਗਿਆ ਹੈ। |

# ਵੈਬਸਾਈਟ/ਆਨ-ਲਾਈਨ ਤਰੀਕੇ ਨਾਲ ਪੂਰਾ ਕਰਨਾ:

| | |
|---|---|
| 048 | **ਕੀ ਮੈਂ ਸਰਵੇਖਣ ਨੂੰ ਆਨਲਾਈਨ ਪੂਰਾ ਕਰ ਸਕਦਾ ਹਾਂ?**<br><br>ਜੇਕਰ ਤੁਸੀਂ ਸਰਵੇਢਦ ਨੂੰ ਆਨ-ਲਾਈਨ ਪੂਰਾ ਕਰਨਾ ਚਾਹੁੰਦੇ ਹ, ਛਾ ਕਿਰਪਾ ਕਰਕੇ www.gp-patient.co.uk ਤੇ ਫੇਰੀ ਪਾਓ ਅਤੇ ਸਰਵੇਢਦ ਲਿੰਕ ਤੇ ਜਾਓ। ਸ਼ਹਸਦੇ ਬਾਅਦ ਤੁਹਾਨੂੰ ਮੰਗੇ ਜਾਣ ਤੇ ਆਪਣਾ 10 ਅੰਕਾਂ ਦਾ ਰੈਫਰੈਂਸ ਨੰਬਰ/ਯੂਜ਼+ਲੇਮ ਅਤੇ ਨਾਲ ਹੀ ਨਾਲ ਤੁਹਾਡਾ ਇੱਕ ਅਲੱਗ ਖਾਸ ਪਾਸਵਰਡ ਐਂਅਰ ਕਰਨ ਦੀ ਜ਼ਰੂਰਤ ਹ੍ਵੇਗੀ। ੀਫਰੈਂਸ ਨੰਬਰ ਅਤੇ ਪਾਸਵਰਡ ਪ੍ਰਸ਼ਨਾਵਲੀ ਦੇ ਪਹਿਲੇ ਪੰਨੇ ਉੱਤੇ ਛਪੇ ਹੁਏ ਇਲ। ਸ਼ਕਰਪਾ ਕਰਕੇ ਇਹ ਨ਼ਟ ਕਰ਼ ਕਿ ਪ੍ਰਤੀ ਰ਼ਗੀ ਕੇਵਲ ਇੱਕ ਹੀ ਉੱਤਰ ਸਵੀਕਾਰ ਕੀਤਾ ਜਾਵੇਗਾ। |
| 049 | **ਮੈਂ ਸਰਵੇਢਦ ਨੂੰ ਆਨ-ਲਾਈਨ ਪੂਰਾ ਕਰਨ ਵਾਲੇ ਲੜੀਂਦੇ ਲਾਗ-ਸ਼ਹਲ ਕਰਨ ਦੇ ਆਪਣੇ ਵੇਰਵੇ/ਰੈਫਰੈਂਸ ਨੰਬਰ ਗੁਆ ਚੁੱਕਾ ਏਾਜ। ਥੀ ਮੈਂ ਇਹਨਾਂ ਨੂੰ ਦੁਬਾਰਾ ਪ੍ਰਾਪਤ ਕਰ ਸਕਦਾ ਏਾ?**<br><br>ਅਗਸਤ ਅਤੇ ਸਤੰਬਰ ਵਿਚ ਅਸ.ਜ ਉਇਲਾ ਸਾਰਿਆਂ ਨੂੰ ਯਾਦ ਪੱਤਰ ਭੇਜਾਂਗੇ ਜਿਹਨਾਂ ਨੇ ਸਰਵੇਢਦ ਨਹੀਂ ਭਰਿਆ ਹੈ। ਤਦ ਤੁਹਾਨੂੰ ਸਵਾਲ ਸੂਚੀ ਦੀ ਦੂਜੀ ਨਕਲ ਭੇਜੀ ਜਾਵੇਗੀ ਅਤੇ ਸਰਵੇਢਦ ਨੂੰ ਕਾਗਜ਼ ਤੇ ਂ ਦੂਜੇ ਵੇਰਵਿਆਂ ਦੀ ਮਦਦ ਲੈ ਕੇ ਆਨਲਾਈਨ ਪੂਰਾ ਕਰਨ ਲਈ ਆਖਿਆ ਜਾਏਗਾ। |
| 051 | **ਸਰਵੇਖਣ ਨੂੰ ਆਨ-ਲਾਈਨ ਤਰੀਕੇ ਨਾਲ ਪੂਰਾ ਕਰਨ ਲਈ ਯੂਜ਼ਰਨੇਮ/ਰੈਫਰੈਂਸ ਨੰਬਰ ਮੈਂ ਕਿੱਥੇ ਤੋਂ ਪ੍ਰਾਪਤ ਕਰ ਸਕਦਾ ਹਾਂ?**<br>ਆਨਲਾਈਨ ਤਰੀਕੇ ਨਾਲ ਸਰਵੇਖਣ ਨੂੰ ਪੂਰਾ ਕਰਨ ਲਈ ਯੂਜਰਨੇਮ/ਰੈਫਰੈਂਸ ਨੰਬਰ ਅਤੇ ਪਾਸਵਰਡ ਪ੍ਰਸ਼ਨਾਵਲੀ ਦੇ ਪਹਿਲੇ ਕਾਗਜ਼ਾਂ ਉੱਤੇ ਕੰਪਯੂਟਰ ਚਿੰਨ੍ਹ ਨਾਲ ਮਾਰਕ ਕੀਤੇ ਹੋਏ ਖਾਨੇ ਵਿਚ ਛਪੇ ਹੋਏ ਹਨ। |

# ਹਿੱਸਾ ਲੈਣਾ:

| | |
|---|---|
| 061 | **ਮੈਨੂੰ ਪ੍ਰਸ਼ਨਾਵਲੀ ਕਿਉਂ ਨਹੀਂ ਮਿਲੀ? ਮੈਂ ਇਸਨੂੰ ਕਿਸ ਤਰ੍ਹਾਂ ਪ੍ਰਾਪਤ ਕਰਾਂ?**<br><br>ਪ੍ਰਸ਼ਨਾਵਲੀ ਬੇਤਰਤੀਬੀ ਵਿਚ ਚੋਣ ਨਾਲ ਉਹਨਾਂ ਲੋਕਾਂ ਨੂੰ ਭੇਜੀ ਜਾ ਰਹੀ ਹੈ ਜੋ ਇੰਗਲੈਂਡ ਵਿਚ ਇਕ ਜੀ ਪੀ ਕੋਲ ਰਜਿਸਟਰਡ ਹਨ। ਡਿਪਾਰਟਮੈਂਟ ਆਫ਼ ਹੈਲਥ ਨੇ ਉਹਨਾਂ ਦੇ ਨਾਂਵਾਂ ਨੂੰ ਇਕ ਜੀ ਪੀ ਕੋਲ ਰਜਿਸਟਰਡ ਰੋਗੀਆਂ ਦੀ ਐਨ ਐਚ ਐਸ ਸੂਚੀ ਵਿਚੋਂ ਬੇਤਰਤੀਬ ਢੰਗ ਨਾਲ ਚੁਣਿਆ ਹੈ। ਇਹ ਯਕੀਨੀ ਬਣਾਉਣ ਲਈ ਕਿ ਸਰਵੇਖਣ ਸਹੀ ਹੈ, ਇਪਸੋਸ ਮੋਰੀ ਪ੍ਰਸ਼ਨਾਵਲੀ ਉਹਨਾਂ ਲੋਕਾਂ ਨੂੰ ਨਹੀਂ ਭੇਜ ਸਕਦੀ ਜੋ ਸਰਵੇਖਣ ਵਿਚ ਭਾਗ ਲੈਣ ਲਈ ਪਹਿਲਾਂ ਹੀ ਬੇਤਰਤੀਬ ਢੰਗ ਨਾਲ ਚੁਣੇ ਨਹੀਂ ਗਏ ਹਨ। |
| 053 | **ਇਸ ਸਮੇਂ ਮੈਂ ਕਿਸੇ ਜੀ ਪੀ ਕੋਲ ਰਜਿਸਟਰ ਨਹੀਂ ਹਾਂ, ਕੀ ਫਿਰ ਵੀ ਮੈਂ ਇਸ ਪ੍ਰਸ਼ਨਾਵਲੀ ਨੂੰ ਪੂਰਾ ਕਰ ਸਕਦਾ ਹਾਂ?**<br>ਇਹ ਸਰਵੇਖਣ ਉਹਨਾਂ ਲੋਕਾਂ ਦਾ ਕੀਤਾ ਜਾ ਰਿਹਾ ਹੈ ਜੋ ਜੀ ਪੀ ਸਰਜਰੀ ਕੋਲ ਪਿਛਲੇ ਛੇ ਮਹੀਨਿਆਂ ਤੋਂ ਰਜਿਸਟਰਡ ਹਨ। ਇਸ ਲਈ ਜੇਕਰ ਤੁਸੀਂ ਇਸ ਸਮੇਂ ਦੇ ਦੌਰਾਨ ਸਰਜਰੀ ਵਿਚ ਰਜਿਸਟਰਡ ਹੋਏ ਸੀ, ਅਤੇ ਇਕੇ ਤੱਕ ਕਿ ਹੁਣ ਰਜਿਸਟਰਡ ਨਹੀਂ ਹੋ ਤਾਂ ਵੀ ਤੁਸੀਂ ਪ੍ਰਸ਼ਨਾਵਲੀ ਨੂੰ ਭਰ ਸਕਦੇ ਹੋ। ਕਿਰਪਾ ਕਰਕੇ ਪ੍ਰਸ਼ਨਾਂ ਵਿਚ ਉਸ ਸਰਜਰੀ ਬਾਰੇ ਉੱਤਰ ਦਿਓ ਜਿਸ ਵਿਚ ਤੁਸੀਂ ਉਸ ਸਮੇਂ ਲਈ (ਜਾਂ ਉਸ ਸਮੇਂ ਦੇ ਆਸ-ਪਾਸ) ਰਜਿਸਟਰਡ ਹੋਏ ਸੀ। |
| 057 | **ਮੈਂ ਹਾਲ ਹੀ ਵਿਚ ਆਪਣੇ ਜੀ ਪੀ ਨੂੰ ਸੰਪਰਕ ਨਹੀਂ ਕੀਤਾ ਹੈ, ਕੀ ਫਿਰ ਵੀ ਮੈਨੂੰ ਪ੍ਰਸ਼ਨਾਵਲੀ ਨੂੰ ਪੂਰਾ ਕਰਨਾ ਚਾਹੀਦਾ ਹੈ?**<br><br>ਹਾਂ, ਤੁਸੀਂ ਫਿਰ ਵੀ ਇਸ ਪ੍ਰਸ਼ਨਾਵਲੀ ਨੂੰ ਪੂਰਾ ਕਰ ਸਕਦੇ ਹੋ। ਹਾਲਾਂਕਿ ਸਾਰੇ ਪ੍ਰਸ਼ਨ ਤੁਹਾਡੇ ਉੱਪਰ ਲਾਗੂ ਨਹੀਂ ਹੋਣਗੇ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸਰਵੇਖਣ ਵਿਚ ਹਿੱਸਾ ਲਵੋਗੇ। |
| 092 | **ਭਾਗ ਨਾ ਲੈਣ ਵਾਸਤੇ ਮੈਂ ਕਿਨਹੂੰ ਸੰਪਰਕ ਕਰਾਂ?**<br><br>ਭਾਗ ਲੈਣਾ ਪੂਰੀ ਤਰ੍ਹਾਂ ਸਵੈਇੱਛਕ ਹੈ। ਪਰ ਅਸੀ ਉਮੀਦ ਕਰਦੇ ਹਾਂ ਕੀ ਭਾਗ ਲੈਣ ਨਾਲ ਸਾਨੂੰ<br>ਲੋਕਾਂ ਦੇ ਤਜਰਬੇ ਦੀ ਸਾਰਿਆਂ ਨਾਲੋਂ ਵਧੀਆ ਤਸਵੀਰ ਮਿਲੇਗੀ ਜਦੋਂ ਤੁਸੀਂ ਆਪਣੇ ਡਾਕਟਰ ਨੂੰ ਮਿਲਦੇ ਹੋ ਜਾਂ ਫੋਨ ਕਰਦੇ ਹੋ।<br>ਜੇ ਤੁਸੀਂ ਭਾਗ ਨਹੀਂ ਲੈਣਾ ਚਾਹੁੰਦੇ ਤਾਂ ਤੁਹਾਨੂੰ ਹੋਰ ਕੁਝ ਵੀ ਕਰਣ ਦੀ ਲੋੜ ਨਹੀਂ, ਪਰ ਫਿਰ ਵੀ ਤੁਹਾਨੂੰ ਸਾਡੇ ਵਲੋਂ ਦੋ ਵਾਰੀ ਚੇਤਾ ਕਰਾਇਆ ਜਾਵੇਗਾ, ਜਿਹਨੂੰ ਤੁਸੀਂ ਭੁਲਾ ਸਕਦੇ ਹੋ। ਜੇ ਤੁਸੀਂ ਆਪਣਾਂ ਸੰਪਰਕ ਵੇਰਵਾ ਸਾਡੇ ਚੇਤਨਾ ਪੱਤਰਾਂ ਦੀ ਸੂਚੀ ਤੋਂ ਹਟਵਾਉਣਾ ਚਾਹੁੰਦੇ ਹੋ, ਤਾਂ ਤੁਸੀ<br><br>-ਇਪਸਾਸ ਮੋਰੀ ਨੂੰ ਫ੍ਰੀ ਫ਼ੋਨ 0808 238 5380 (ਸੋਮਵਾਰ - ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਰਾਤ 9 ਵਜੇ; ਸਨਿਚਰਵਾਰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ) ਕਾਲ ਕਰੋ।<br><br>-ਈ-ਮੇਲ ਸਿਹਤ ਵਿਭਾਗ: GPPatientSurvey@dh.gsi.gov.uk<br><br>-ਈ-ਮੇਲ ਇਪਸਾਸ ਮੋਰੀ : GPPatientSurvey_Enquiry@ipsos-mori.com<br><br>ਕਿਰਪਾ ਕਰਕੇ ਆਪਣਾ ਵੇਰਵਾ ਨੰਬਰ, ਜਿਹੜਾ ਕਿ ਪੱਤਰ ਅਤੇ ਪ੍ਰਸ਼ਨਾਵਲੀ ਦੇ ਉੱਪਰਲੀ ਥਾਂ ਤੇ ਦਿੱਤਾ ਹੋਇਆ ਹੈ। |

# ਆਮ/ਸਧਾਰਣ:

| | |
|---|---|
| 062 | **0808 ਨੰਬਰਾਂ ਤੇ ਕਾਲ ਕਰਨ ਦੀ ਕਿੰਨੀ ਕੀਮਤ ਹੈ?**<br><br>0808 ਟੈਲੀਫ਼ੋਨ ਨੰਬਰਾਂ ਤੇ ਕੀਤੀਆਂ ਜਾਣ ਵਾਲੀਆਂ ਸਾਰੀਆਂ ਕਾਲਾਂ ਮੁਫ਼ਤ ਹਨ ਜਦੋਂ ਉਹ ਯੂ.ਕੇ. ਦੇ ਆਮ ਵਰਤੇ ਜਾਣ ਵਾਲੇ ਲੈਂਡ ਲਾਈਨ ਫ਼ੋਨ ਤੋਂ ਕੀਤੀਆਂ ਜਾ ਰਹੀਆਂ ਹਨ।<br>ਕਿਉਂਕਿ ਮੁਫ਼ਤ 0800 ਨੰਬਰ ਬੰਦ ਕਰ ਦਿੱਤੇ ਗਏ ਹਨ, 0808 ਨਾਲ ਸ਼ੁਰੂ ਹੋਣ ਵਾਲੀ ਮੁਫ਼ਤ ਟੈਲੀਫ਼ੋਨ ਨੰਬਰਾਂ ਦੀ ਇਕ ਨਵੀਂ ਲੜੀ ਪ੍ਰਦਾਨ ਕਰ ਦਿੱਤੀ ਗਈ ਹੈ।<br>ਮੋਬਾਇਲ ਫ਼ੋਨਾਂ ਅਤੇ ਹੋਰ ਨੈਟਵਰਕਾਂ ਤੋਂ ਕੀਮਤਾਂ ਭਿੰਨ ਹੋ ਸਕਦੀਆਂ ਹਨ ਅਤੇ ਇਹ ਤੁਹਾਡੇ ਟੈਲੀਫ਼ੋਨ ਸੇਵਾ ਪ੍ਰਦਾਨ ਕਰਤਾ ਤੋਂ ਚੈਕ ਕੀਤੀਆਂ ਜਾ ਸਕਦੀਆਂ ਹਨ। |
| 066 | **ਇਪਸੋਸ ਮੋਰੀ ਕੀ ਹੈ?**<br><br>ਇਪਸੋਸ ਮੋਰੀ ਇਕ ਰਜਿਸਟਰਡ ਅਤੇ ਆਜ਼ਾਦ ਸਰਵੇਖਣ ਸੰਗਠਨ ਹੈ ਅਤੇ ਮਾਰਕੇਟ ਰੀਸਰਚ ਸੋਸਾਇਟੀ ਦੇ ਕੰਮ ਕਰਨ ਦੇ ਨੈਤਿਕ ਤਰੀਕੀਆਂ ਨੂੰ ਸਖ਼ਤੀ ਨਾਲ ਅਪਣਾਉਂਦੀ ਹੈ। ਇਪਸੋਸ ਯੂ.ਕੇ. ਅਤੇ ਮੋਰੀ, ਜਿਹਨਾਂ ਨੂੰ ਤੁਸੀਂ ਅਲੱਗ-ਅਲੱਗ ਤੌਰ ਤੇ ਸੁਣਿਆ ਹੋਣਾ, ਅਕਤੂਬਰ 2005 ਵਿਚ ਯੂ. ਕੇ. ਵਿਚਲਾ ਸਭ ਤੋਂ ਵੱਡਾ ਦੂਜਾ ਖੋਜ ਸੰਗਠਨ ਬਨਣ ਲਈ ਆਪਸ ਵਿਚ ਮਿਲ ਗਏ ਸਨ। ਇਪਸੋਸ ਮੋਰੀ ਨੂੰ ਅਧਿਕਾਰਤ ਮੁੱਲਾਂਕਣ ਬਾਡੀ ਮਾਰਕਿਟਿੰਗ ਕੁਆਲਟੀ ਐਸ਼ਿਉਰੈਂਸ (ਐੱਮ ਕਿਉ ਏ) ਦੇ ਦੁਆਰਾ ਨਵੇਂ ਅੰਤਰਰਾਸ਼ਟਰੀ ਕੰਮ ਕਰਨ ਦੇ ਦਰਜ਼ੇ ਆਈ ਐੱਸ ਓ 20252 ਅਤੇ ਅੰਤਰਰਾਸ਼ਟਰੀ ਦਰਜ਼ੇ ਦੀ ਸੂਚਨਾ ਸੁਰੱਖਿਆ ਆਈ ਐੱਸ ਓ 27001 ਦੇ ਨਾਲ ਸਨਮਾਨਿਆ ਗਿਆ ਸੀ। ਇਹ ਸੰਸਾਰ ਭਰ ਵਿਚ ਦੋਵੇਂ ਮਾਪਦੰਡ ਪ੍ਰਾਪਤ ਕਰਨ ਵਾਲੀ ਪਹਿਲੀ ਸਰਵੇਖਣ ਏਜੰਸੀ ਹੈ। ਇਪਸੋਸ ਮੋਰੀ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.ipsos-mori.com ਉੱਤੇ ਜਾਓ। |

## ਰਾਜ਼ਦਾਰੀ ਅਤੇ ਅੰਕੜਾ ਸੁਰੱਖਿਆ:

| | |
|---|---|
| 081 | **ਤੁਸੀਂ ਮੇਰਾ ਨਾਮ ਅਤੇ ਪਤਾ ਕਿਸ ਤਰ੍ਹਾਂ ਹਾਸਿਲ ਕੀਤਾ?**<br><br>ਇਪਸੋਸ ਮੋਰੀ ਡਿਪਾਰਟਮੈਂਟ ਆਫ਼ ਹੈਲਥ ਦੇ ਵੱਲੋਂ ਤੁਹਾਨੂੰ ਇਹ ਪ੍ਰਸ਼ਨਾਵਲੀ ਭੇਜ ਰਹੀ ਹੈ। ਡਿਪਾਰਟਮੈਂਟ ਆਫ਼ ਹੈਲਥ ਨੇ ਨਾਂਵਾਂ ਨੂੰ ਜੀ ਪੀ ਕੋਲ ਰਜਿਸਟਰਡ ਰੋਗੀਆਂ ਦੀ ਐਨ ਐਚ ਐਸ  ਸੂਚੀ ਵਿਚੋਂ ਬੇਤਰਤੀਬ ਢੰਗ ਨਾਲ ਚੁਣਿਆ ਹੈ। ਇਪਸੋਸ ਮੋਰੀ ਇਹਨਾਂ ਵੇਰਵਿਆਂ ਨੂੰ ਗੁਪਤ ਰੱਖੇਗਾ ਅਤੇ ਜਦੋਂ ਇਕ ਵਾਰੀ ਸਰਵੇਖਣ ਪੂਰਾ ਕਰ ਲਿਆ ਜਾਵੇਗਾ ਤਾਂ, ਇਹਨਾਂ ਨੂੰ ਸੁਰੱਖਿਆ ਪੂਰਵਕ ਨਸ਼ਟ ਕਰ ਦਿੱਤਾ ਜਾਵੇਗਾ। ਇਪਸੋਸ ਮੋਰੀ ਨੂੰ ਰੋਗੀਆਂ ਦੀ ਸਿਹਤ ਜਾਂ ਸਲਾਹਵਾਂ ਬਾਰੇ ਕੋਈ ਵੀ ਚਿਕਿਤਸਕ ਜਾਣਕਾਰੀ ਪ੍ਰਦਾਨ ਨਹੀਂ ਕਰਵਾਈ ਗਈ ਹੈ। |
| 083 | **ਕੀ ਤੁਸੀਂ ਮੇਰੇ ਸਿਹਤ ਅੰਕੜਿਆਂ ਤੱਕ ਪਹੁੰਚ ਕੀਤੀ ਹੈ?**<br><br>ਨਹੀ, ਬਿਲਕੁਲ ਨਹੀਂ। ਇਪਸੋਸ ਮੋਰੀ ਨੇ ਕੇਵਲ ਤੁਹਾਡਾ, ਐਨ ਐਚ ਐਸ  ਨੰਬਰ, ਨਾਂ, ਪਤਾ, ਜਨਮ ਦਾ ਸਾਲ ਅਤੇ ਮਹਿਨਾ, ਅਤੇ ਲਿੰਗ ਪਤਾ ਕੀਤਾ ਹੈ ਤਾਂ ਜੋ ਉਹ ਸਰਵੇਖਣ ਦੇ ਸਬੰਧ ਵਿਚ ਤੁਹਾਨੂੰ ਸੰਪਰਕ ਕਰ ਸਕਣ। ਤੁਹਾਡੀ ਸਿਹਤ ਬਾਰੇ ਕੋਈ ਵੀ ਜਾਣਕਾਰੀ ਪ੍ਰਾਪਤ ਨਹੀਂ ਕੀਤੀ ਗਈ ਸੀ – ਇਹ ਤੁਹਾਡੇ ਅਤੇ ਤੁਹਾਡੇ ਜੀ ਪੀ ਦੇ ਵਿਚਕਾਰ ਗੁਪਤ ਰਹਿੰਦੀ ਹੈ।<br>ਲਿੰਗ ਦੀ ਜਾਣਕਾਰੀ ਦੇ ਨਾਲ ਜਨਮ ਦੇ ਸਾਲ ਅਤੇ ਮਹਿਨੇ ਦੀ ਜਾਣਕਾਰੀ ਕੇਵਲ ਇਹ ਯਕੀਨੀ ਬਣਾਉਣ ਲਈ ਵਰਤੀ ਜਾਵੇਗੀ ਕਿ ਗੁੰਮਨਾਮ ਸਰਵੇਖਣ ਆਂਕੜੇ ਜਨਸੰਖਿਆ ਰੂਪ-ਰੇਖਾ ਨਾਲ ਵੱਧ ਤੋਂ ਵੱਧ ਸੰਭਵ ਮੇਲ ਖਾ ਸਕਣ। |
| 097 | **ਇਸ ਸਰਵੇਖਣ ਵਿਚ ਮੇਰਾ ਡਾਕਟਰ ਕਿਸ ਪ੍ਰਕਾਰ ਸ਼ਾਮਿਲ ਹੈ?**<br><br>ਸਰਵੇਖਣ ਡਿਪਾਰਟਮੈਂਟ ਆਫ਼ ਹੈਲਥ ਅਤੇ ਜੀ ਪੀ ਪ੍ਰੈਕਟਸ ਦੇ ਵਿਚਕਾਰ ਹੋਏ ਇਕਰਾਰਨਾਮੇ ਦੇ ਮੌਜੂਦਾ ਪ੍ਰਬੰਧ ਦੇ ਹਿੱਸੇ ਵੱਜੋਂ ਕੀਤਾ ਜਾ ਰਿਹਾ ਹੈ। ਪ੍ਰਸ਼ਨਾਵਲੀ ਬੇਤਰਤੀਬੀ ਢੰਗ ਨਾਲ ਚੁਣੇ ਹੋਏ ਉਹਨਾਂ ਲੋਕਾਂ ਨੂੰ ਭੇਜੀ ਜਾਂਦੀ ਹੈ ਜੋ ਇੰਗਲੈਂਡ ਵਿਚ ਕਿਸੇ ਜੀ ਪੀ ਨਾਲ ਰਜਿਸਟਰਡ ਹੋਏ ਹਨ, ਅਤੇ ਤੁਹਾਡਾ ਨਾਂ ਡਿਪਾਰਟਮੈਂਟ ਆਫ਼ ਹੈਲਥ ਦੁਆਰਾ ਰੱਖੀ ਗਈ ਜੀ ਪੀ ਵਿਚ ਰਜਿਸਟਰਡ ਰੋਗੀਆਂ ਦੀ ਸੂਚੀ ਵਿਚੋਂ ਬੇਤਰਤੀਬੇ ਢੰਗ ਨਾਲ ਚੁਣਿਆ ਗਿਆ ਸੀ।<br>ਜੀ ਪੀ ਪ੍ਰੈਕਟਸ ਨੂੰ ਪਹਿਲਾਂ ਹੀ ਸਰਵੇਖਣ ਦੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਉਹਨਾਂ ਦੀ ਆਪਣੇ ਪ੍ਰੈਕਟਸ ਲਈ ਗੁੰਮਨਾਮ, ਅੰਕੜਾ ਨਤੀਜਿਆਂ ਤੱਕ ਪਹੁੰਚ ਹੋਵੇਗੀ, ਪਰ ਵਿਅਕਤੀਗਤ ਉੱਤਰਾਂ ਤੱਕ ਪਹੁੰਚ ਨਹੀਂ ਹੋਵੇਗੀ। |
| 098 | **ਕੀ ਮੇਰਾ ਡਾਕਟਰ ਇਸ ਸਰਵੇਖਣ ਬਾਰੇ ਜਾਣਦਾ ਹੈ?**<br><br>ਹਾਂ, ਤੁਹਾਡੇ ਜੀ ਪੀ ਨੂੰ ਸਰਵੇਖਣ ਦੇ ਬਾਰੇ ਵਿਚ ਅਗਲੇਰੀ ਸੂਚਨਾ ਇਸ ਪਿੱਛੇ ਕਾਰਣਾਂ ਸਹਿਤ ਭੇਜ ਦਿੱਤੀ ਗਈ ਸੀ। |
| 099 | **ਕੀ ਮੇਰਾ ਡਾਕਟਰ ਇਸ ਸਰਵੇਖਣ ਪ੍ਰਤੀ ਮੇਰੇ ਉੱਤਰਾਂ ਨੂੰ ਦੇਖੇਗਾ?**<br><br>ਨਹੀਂ, ਇਪਸੋਸ ਮੋਰੀ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਵਿਅਕਤੀਗਤ ਪਛਾਣੇ ਜਾਣ ਵਾਲੇ ਉੱਤਰ ਦਿਖਾਏ ਨਹੀਂ ਜਾਣਗੇ। ਕੇਵਲ ਗੁੰਮਨਾਮ ਅੰਕੜੇ ਹੀ ਡਿਪਾਰਟਮੈਂਟ ਆਫ਼ ਹੈਲਥ ਅਤੇ ਐਨ ਐਚ ਐਸ  ਨੂੰ ਪ੍ਰਦਾਨ ਕਰਵਾਏ ਜਾਣਗੇ। ਇਪਸੋਸ ਮੋਰੀ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਜਾਣੇਗਾ ਕਿ ਪ੍ਰਸ਼ਨਾਵਲੀ ਕਿਸ ਨੂੰ ਭੇਜੀ ਜਾਂ ਕਿਸ ਦੁਆਰਾ ਵਾਪਸ ਕੀਤੀ ਗਈ ਹੈ। |
| 100 | **ਕੀ ਨਤੀਜਿਆਂ ਵਿਚ ਮੇਰੀ ਪਛਾਣ ਕੀਤੀ ਜਾਏਗੀ?**<br><br>ਨਹੀਂ, ਵਿਅਕਤੀਗਤ ਪਛਾਣ ਯੋਗ ਉੱਤਰ ਇਪਸੋਸ ਮੋਰੀ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਦਿਖਾਏ ਨਹੀਂ ਜਾਣਗੇ। ਕੇਵਲ ਗੁੰਮਨਾਮ ਅੰਕੜੇ ਹੀ ਡਿਪਾਰਟਮੈਂਟ ਆਫ਼ ਹੈਲਥ ਅਤੇ ਐਨ ਐਚ ਐਸ  ਨੂੰ ਪ੍ਰਦਾਨ ਕਰਵਾਏ ਜਾਣਗੇ। ਇਪਸੋਸ ਮੋਰੀ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਜਾਣੇਗਾ ਕਿ ਪ੍ਰਸ਼ਨਾਵਲੀ ਕਿਸ ਨੂੰ ਭੇਜੀ ਜਾਂ ਕਿਸ ਦੁਆਰਾ ਵਾਪਸ ਕੀਤੀ ਗਈ ਹੈ। |